Canadian HIV/AIDS Legal Network | Réseau juridique canadien VIH/sida

# ਔਰਤਾਂ ਅਤੇ HIV ਦਾ ਟੈਸਟ ਕਰਵਾਉਣਾ

## ਜਾਣਕਾਰੀ ਸ਼ੀਟ

---

*"ਮੈਨੂੰ ਇੱਕ ਬੇਨਤੀ ਫਾਰਮ ਦਿੱਤਾ ਗਿਆ ਸੀ ਜਿਸ ਉੱਤੇ ਹੋਰ ਦੁਨੀਆਂ ਭਰ ਦੇ ਟੈਸਟ ਲਿਖੇ ਹੋਏ ਸਨ। ਮੈਂ ਥਾਇਆਰਾਇਡ ਵਾਸਤੇ ਮੇਰੇ ਟੈਸਟ ਅਤੇ ਮੇਰੇ ਖਿਆਲ ਵਿੱਚ ਇੱਕ ਜਾਂ ਦੋ ਹੋਰ ਟੈਸਟਾਂ ਨੂੰ ਇਸ ਉੱਤੇ ਪਛਾਣ ਲਿਆ। ਅਤੇ ਮੈਂ "HIV" ਲਿਖਿਆ ਜ਼ਰੂਰ ਦੇਖਿਆ ਸੀ, ਜਿਸ ਬਾਰੇ ਮੈਂ ਸਵਾਲ ਨਹੀਂ ਕੀਤਾ ਜਾਂ ਇਹ ਨਹੀਂ ਪੁੱਛਿਆ ਕਿ ਅਜਿਹਾ ਕਿਉਂ ਹੈ, ਕਿਉਂਕਿ ਮੈਂ ਇਹ ਮੰਨਕੇ ਚੱਲ ਰਹੀ ਸੀ ਕਿ ਉਸ ਸਮੇਂ ਇਹ ਲਾਜ਼ਮੀ ਸੀ।"*

*— ਕੈਨੇਡਾ ਵਿੱਚ ਇੱਕ ਗਰਭਵਤੀ ਔਰਤ ਦਾ ਟੈਸਟ ਕਰਵਾਉਣ ਦਾ ਤਜ਼ਰਬਾ*[1]

## ਕੈਨੇਡਾ ਵਿੱਚ ਔਰਤਾਂ ਵਾਸਤੇ HIV ਟੈਸਟ ਕਰਵਾਉਣਾ

ਜਦੋਂ ਤੋਂ ਇਹ ਪਹਿਲੀ ਵਾਰ ਸਮਝਿਆ ਗਿਆ ਸੀ ਕਿ ਗਰਭਅਵਸਥਾ, ਪ੍ਰਸੂਤੀ ਪੀੜਾਂ ਅਤੇ ਜਣੇਪੇ ਦੌਰਾਨ, ਜਾਂ ਛਾਤੀਆਂ ਦਾ ਦੁੱਧ ਪਿਲਾਉਣ ਰਾਹੀਂ HIV ਦੀ ਲਾਗ ਇੱਕ ਮਾਂ ਤੋਂ ਉਸਦੇ ਬੱਚੇ ਨੂੰ ਤਬਦੀਲ ਹੋ ਸਕਦੀ ਹੈ, ਤਦ ਤੋਂ ਔਰਤਾਂ HIV ਲਈ ਟੈਸਟ ਕਰਵਾਉਣ ਦਾ ਇੱਕ ਕੇਂਦਰ ਬਿੰਦੂ ਰਹੀਆਂ ਹਨ। ਪਰ ਜੇ ਕੋਈ ਔਰਤ ਗਰਭਵਤੀ ਨਹੀਂ ਹੈ ਜਾਂ ਬੱਚੇ ਪੈਦਾ ਕਰਨ ਦੀ ਉਮਰ ਦੀ ਨਹੀਂ ਹੈ, ਤਾਂ ਹੋ ਸਕਦਾ ਹੈ ਉਹ HIV ਟੈਸਟ ਦੀ ਮੰਗ ਨਾ ਕਰੇ ਜਾਂ ਉਸਨੂੰ ਇਸਦੀ ਪੇਸ਼ਕਸ਼ ਨਾ ਕੀਤੀ ਜਾਵੇ। ਬਹੁਤ ਸਾਰੇ ਲੋਕਾਂ ਵਾਸਤੇ, ਇਹ ਧਾਰਨਾ ਬਣੀ ਹੋਈ ਹੈ ਕਿ HIV ਪ੍ਰਮੁੱਖ ਤੌਰ 'ਤੇ ਉਹਨਾਂ ਪੁਰਸ਼ਾਂ ਨੂੰ ਪ੍ਰਭਾਵਿਤ ਕਰਦਾ ਹੈ ਜੋ ਪੁਰਸ਼ਾਂ ਨਾਲ ਸੰਭੋਗ ਕਰਦੇ ਹਨ, ਉਹ ਲੋਕ ਜੋ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਕਰਦੇ ਹਨ, ਅਤੇ ਅਫਰੀਕਾ ਅਤੇ ਕੈਰੀਬੀਅਨ ਤੋਂ ਨਵੇਂ ਆਉਣ ਵਾਲੇ ਲੋਕ, ਇਸ ਲਈ ਹੋ ਸਕਦਾ ਹੈ ਹੋਰਨਾਂ ਔਰਤਾਂ ਨੂੰ ਖਤਰੇ ਵਿੱਚ ਨਾ ਹੋਣ ਵਜੋਂ ਦੇਖਿਆ ਜਾਵੇ।

---

[1] L. Leonard ਅਤੇ ਹੋਰ, ਹੈਲਥ ਕੈਨੇਡਾ ਵਿੱਚ "Pregnant women's experiences of screening for HIV in pregnancy: What they have to say about what constitutes an appropriate policy for HIV testing of pregnant women in Canada (a pilot study)," *Perinatal HIV transmission:Study results and implications for policy and program development* (Health Canada, 2001)।

ਫੇਰ ਵੀ ਬਹੁਤ ਸਾਰੀਆਂ ਔਰਤਾਂ HIV ਦੀ ਲਾਗ ਪ੍ਰਤੀ ਵਿੰਨਣਸ਼ੀਲ ਹਨ ਅਤੇ ਉਹਨਾਂ ਨੂੰ ਉੱਚ ਗੁਣਵਤਾ ਦੀ HIV ਟੈਸਟਿੰਗ ਅਤੇ ਸਲਾਹ-ਮਸ਼ਵਰੇ ਤੱਕ ਪਹੁੰਚ ਦੀ ਲੋੜ ਹੁੰਦੀ ਹੈ ਜੋ ਉਹਨਾਂ ਦੀਆਂ ਲੋੜਾਂ ਦਾ ਹੁੰਗਾਰਾ ਭਰੇ। HIV ਟੈਸਟਿੰਗ ਦੀ ਪ੍ਰਕਿਰਿਆ ਦੇ ਸਾਰੇ ਪੱਖਾਂ ਵਿੱਚ ਮਨੁੱਖੀ ਅਧਿਕਾਰਾਂ ਨੂੰ ਉਤਸ਼ਾਹਤ ਅਤੇ ਇਹਨਾਂ ਦੀ ਰੱਖਿਆ ਕਰਦੇ ਹੋਏ, HIV ਟੈਸਟਿੰਗ ਦਾ ਵਿਸਤਾਰ ਕੀਤਾ ਜਾ ਸਕਦਾ ਹੈ ਅਤੇ ਕਰਨਾ ਚਾਹੀਦਾ ਹੈ।

ਇਸ ਮਹਾਂਮਾਰੀ ਦੇ ਸ਼ੁਰੂ ਵਿੱਚ, ਇਹ ਪਛਾਣ ਕੀਤੀ ਗਈ ਸੀ ਕਿ HIV ਟੈਸਟਿੰਗ ਨੂੰ ਅਜਿਹੇ ਤਰੀਕਿਆਂ ਨਾਲ ਕੀਤਾ ਜਾਣਾ ਚਾਹੀਦਾ ਹੈ ਜੋ HIV ਦੁਆਰਾ ਪ੍ਰਭਾਵਿਤ ਲੋਕਾਂ ਦੇ ਖਿਲਾਫ ਵਿਆਪਕ ਬਦਨਾਮੀ ਅਤੇ ਭੇਦਭਾਵ ਨੂੰ ਗਿਣਤੀ ਮਿਣਤੀ ਵਿੱਚ ਲੈਣ। ਇਸਤੋਂ ਇਲਾਵਾ, ਲੋਕਾਂ ਦੇ ਅਧਿਕਾਰਾਂ ਦਾ ਆਦਰ ਕਰਨਾ ਅਤੇ ਇਹਨਾਂ ਦੀ ਰੱਖਿਆ ਕਰਨਾ, HIV ਟੈਸਟ ਕਰਨ ਦੇ ਪ੍ਰੋਗਰਾਮਾਂ ਨੂੰ ਸਫਲਤਾਪੂਰਵਕ ਲਾਗੂ ਕਰਨ ਦੇ ਕੇਂਦਰ ਬਿੰਦੂ ਹੋਣਗੇ। ਇਸ ਲਈ ਇੱਕ ਵਿਸ਼ਾਲ ਸਰਬਸੰਮਤੀ ਉੱਭਰ ਕੇ ਬਾਹਰ ਆਈ ਹੈ ਕਿ:ਲੋਕਾਂ ਨੂੰ ਕੇਵਲ ਉਹਨਾਂ ਦੀ ਸੂਚਿਤ, ਸਵੈਇੱਛਤ ਅਤੇ ਵਿਸ਼ੇਸ਼ ਸਹਿਮਤੀ ਦੇ ਨਾਲ ਹੀ ਟੈਸਟ ਕੀਤਾ ਜਾਣਾ ਚਾਹੀਦਾ ਹੈ; ਟੈਸਟ ਕਰਨ ਤੋਂ ਪਹਿਲਾਂ ਅਤੇ ਬਾਅਦ ਦੋਨੋਂ ਵਾਰ ਸਲਾਹ-ਮਸ਼ਵਰਾ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ; ਅਤੇ HIV ਟੈਸਟਿੰਗ ਕੇਵਲ ਓਦੋਂ ਵਾਪਰਨੀ ਚਾਹੀਦੀ ਹੈ ਜਦੋਂ ਗੁਪਤਤਾ ਦੀ ਗਰੰਟੀ ਦਿੱਤੀ ਜਾ ਸਕਦੀ ਹੋਵੇ। ਕੈਨੇਡੀਅਨ ਅਧਿਕਾਰ ਖੇਤਰਾਂ ਵਿਚਲੀਆਂ ਨੀਤੀਆਂ ਨੇ ਆਮ ਤੌਰ ’ਤੇ ਇਸ ਸਰਬਸੰਮਤੀ ਦੀ ਝਲਕ ਦਿੱਤੀ ਜੋ HIV ਟੈਸਟਿੰਗ ਦੀਆਂ “ਤਿੰਨ C” (“three Cs”) ਵਜੋਂ ਜਾਣੀਆਂ ਜਾਣ ਲੱਗੀਆਂ – ਸਹਿਮਤੀ (consent), ਸਲਾਹ-ਮਸ਼ਵਰਾ (counselling) ਅਤੇ ਗੁਪਤਤਾ (confidentiality)। [2]

ਹਾਲੀਆ ਸਮੇਂ ਵਿੱਚ, ਕੈਨੇਡਾ ਵਿੱਚ ਅਤੇ ਅੰਤਰਰਾਸ਼ਟਰੀ ਪੱਧਰ ’ਤੇ, “ਤਿੰਨ C” ਤੋਂ ਦੂਰ ਜਾਣ ਵਾਲੀ ਹਲਚਲ ਹੋਈ ਹੈ।[3]“ਬਕਾਇਦਾ ਟੈਸਟਿੰਗ” (“routine testing”) (ਦੂਜੇ ਸ਼ਬਦਾਂ ਵਿੱਚ, ਵਿਸ਼ੇਸ਼ ਸਹਿਮਤੀ ਤੋਂ ਬਿਨਾਂ ਮਿਆਰੀ ਡਾਕਟਰੀ ਮੁਲਾਂਕਣ ਵਿੱਚ HIV ਟੈਸਟਿੰਗ ਨੂੰ ਸ਼ਾਮਲ ਕਰਨਾ) ਅਤੇ “ਔਪਟ-ਆਊਟ ਟੈਸਟਿੰਗ” (“opt-out testing”) (ਦੂਜੇ ਸ਼ਬਦਾਂ ਵਿੱਚ ਪੂਰਵ ਨਿਰਧਾਰਤ ਦੁਆਰਾ ਟੈਸਟਿੰਗ ਜਦ ਕੋਈ ਵਿਅਕਤੀ ਵਿਸ਼ੇਸ਼ ਤੌਰ ’ਤੇ ਮਨ੍ਹਾ ਨਹੀਂ ਕਰਦਾ) ਵਾਸਤੇ ਆਵਾਜ਼ਾਂ ਨੇ ਟੈਸਟਿੰਗ ਵਿੱਚ “ਅਨੁਪਾਤਕ ਵਾਧਾ” (“scale-up”) ਕਰਨ ਦੀ ਲੋੜ ਵੱਲ ਇਸ਼ਾਰਾ ਕੀਤਾ ਹੈ ਤਾਂ ਜੋ ਹੋਰ ਵਧੇਰੇ ਲੋਕਾਂ ਨੂੰ ਉਹਨਾਂ ਦੀ HIV ਪਾਜੇਟਿਵ ਅਵਸਥਾ ਅਤੇ ਇਸਦੇ ਇਲਾਜ ਤੋਂ

---

[2] Canadian HIV/AIDS Legal Network ਦੀ HIV ਟੈਸਟਿੰਗ, ਜਾਣਕਾਰੀ ਸ਼ੀਟ 1 “Evolution of HIV testing policy and technology in Canada,” ਦੇਖੋ। ਜੋ www.aidslaw.ca/testing ਰਾਹੀਂ ਉਪਲਬਧ ਹੈ।

[3] Centers for Disease Control and Prevention ਲਈ ਕੇਂਦਰ ਦੀਆਂ, “Revised Recommendations for HIV Testing of Adults, Adolescents, and Pregnant Women in Health-Care Settings,” MMWR 2006; 55 (ਨੰਬਰ RR-14); ਵੈਨਕੂਵਰ ਕੋਸਟਲ ਹੈਲਥ ਨਾਲ ਜੁੜੇ ਡਾਕਟਰਾਂ, ਨਰਸ ਪ੍ਰੈਕਟੀਸ਼ਨਰਾਂ ਅਤੇ ਪੰਜੀਕਿਰਤ ਨਰਸਾਂ ਨੂੰ ਡਾਕਟਰ ਰੇਕਾ ਗੁਸਤਾਫਸਨ, ਮੈਡੀਕਲ ਅਫਸਰ ਆਫ ਹੈਲਥ, ਵੱਲੋਂ 30 ਜੂਨ, 2011 ਦਾ ਪੱਤਰ [ਜੋ ਲੇਖਕ ਕੋਲ ਫਾਈਲ ’ਤੇ ਹੈ]; ਵਿਸ਼ਵ ਸੇਹਤ ਸੰਗਠਨ ਦਾ, ਸੇਹਤ ਸੁਵਿਧਾਵਾਂ ਵਿੱਚ ਪ੍ਰਦਾਨਕ ਵੱਲੋਂ ਸ਼ੁਰੂ ਕੀਤੀ HIV ਟੈਸਟਿੰਗ ਅਤੇ ਸਲਾਹ-ਮਸ਼ਵਰੇ ਬਾਬਤ ਮਾਰਗ ਦਰਸ਼ਨ, 2007; ਅਤੇ J. Csete ਅਤੇ R. Elliott ਦੁਆਰਾ, “Scaling up HIV testing: human rights and hidden costs,” *HIV/AIDS Policy and Law Review* 11 (2006): pp 1, 5–10 ਦੇਖੋ।

ਜਾਣੂੰ ਕਰਾਇਆ ਜਾਵੇ (ਕਿਉਂਕਿ HIV ਦਾ ਇਲਾਜ, HIV ਨਾਲ ਜੀਵਨ ਬਸਰ ਕਰ ਰਹੇ ਲੋਕਾਂ ਦੇ ਜੀਵਨ ਵਿੱਚ ਸੁਧਾਰ ਵੀ ਕਰਦਾ ਹੈ ਅਤੇ HIV ਦੇ ਸੰਕਰਮਣ ਦੇ ਖਤਰਿਆਂ ਨੂੰ ਘੱਟ ਕਰਨ ਦੁਆਰਾ ਨਵੀਆਂ ਲਾਗਾਂ ਦੀ ਰੋਕਥਾਮ ਵੀ ਕਰਦਾ ਹੈ)। "ਬਕਾਇਦਾ ਟੈਸਟਿੰਗ" ਅਤੇ "ਔਪਟ-ਆਊਟ" ਟੈਸਟਿੰਗ ਵਾਸਤੇ ਆਵਾਜ਼ਾਂ, ਟੈਸਟ ਕੀਤੇ ਜਾਣ ਵਾਲੇ ਹਰੇਕ ਵਿਅਕਤੀ ਨੂੰ ਟੈਸਟ ਤੋਂ ਪਹਿਲਾਂ ਅਤੇ ਬਾਅਦ ਵਿੱਚ ਸਲਾਹ-ਮਸ਼ਵਰਾ ਪ੍ਰਦਾਨ ਕਰਾਉਣ ਲਈ ਲੋੜੀਂਦੀ ਉੱਚ-ਸਰੋਤ ਵਚਨਬੱਧਤਾ, ਅਤੇ ਇਸ ਗੱਲ ਨੂੰ ਵੀ ਉਜਾਗਰ ਕਰਦੀਆਂ ਹਨ ਕਿ HIV ਟੈਸਟ ਨਾਲ ਹੋਰਨਾਂ ਟੈਸਟਾਂ ਨਾਲੋਂ ਵੱਖਰਾ ਵਿਵਹਾਰ ਕਰਨਾ, HIV-ਸਬੰਧਿਤ ਬਦਨਾਮੀ ਨੂੰ ਹੋਰ ਗੂੜ੍ਹਾ ਕਰ ਸਕਦਾ ਹੈ ਅਤੇ ਇਸ ਤਰ੍ਹਾਂ ਲੋਕਾਂ ਨੂੰ ਟੈਸਟ ਕੀਤੇ ਜਾਣ ਤੋਂ ਰੋਕ ਸਕਦਾ ਹੈ।[4]

ਪਰ ਜਿਹੜੇ ਮਾਡਲ "ਤਿੰਨ C" ਦਾ ਆਦਰ ਕਰਦੇ ਹਨ, ਉਹ ਅਜੇ ਵੀ ਕੈਨੇਡਾ ਵਿੱਚ HIV ਵਾਸਤੇ ਲੰਬੀ ਮਿਆਦ ਦੇ ਹੁੰਗਾਰੇ ਵਿੱਚ ਅਸਰਦਾਰ ਹੋ ਸਕਦੇ ਹਨ, ਅਤੇ ਕਾਨੂੰਨੀ ਅਤੇ ਨੈਤਿਕ ਲੋੜਾਂ, ਸੂਚਿਤ ਸਹਿਮਤੀ, ਉਚਿਤ ਸਲਾਹ-ਮਸ਼ਵਰੇ ਅਤੇ ਗੁਪਤਤਾ ਨੂੰ ਯਕੀਨੀ ਬਣਾਉਣ ਦਾ ਸਮਰਥਨ ਕਰਦੀਆਂ ਹਨ। ਇੱਕ ਅਸਰਦਾਰ HIV ਹੁੰਗਾਰਾ, ਕੇਵਲ ਟੈਸਟ ਕੀਤੇ ਜਾਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਵਾਧਾ ਕਰਨ ਨਾਲੋਂ ਵਧੇਰੇ ਦੀ ਮੰਗ ਲੋੜਦਾ ਹੈ। ਇਸਤੋਂ ਇਲਾਵਾ, HIV ਗੈਰ-ਅਨੁਪਾਤਕੀ ਤਰੀਕੇ ਨਾਲ ਦੱਬੇ-ਕੁਚਲੇ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ ਜੋ ਸੇਹਤ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਬਹੁਤ ਸਾਰੀਆਂ ਰੁਕਾਵਟਾਂ ਦਾ ਸਾਹਮਣਾ ਕਰਦੇ ਹਨ। ਵਧੇਰੇ ਸਖਤ ਉਪਾਵਾਂ ਵੱਲ ਕੀਤਾ ਰੁਖ ਇਹਨਾਂ ਭਾਈਚਾਰਿਆਂ ਵਿੱਚ HIV ਟੈਸਟਿੰਗ ਵਿੱਚ ਸੁਧਾਰ ਨਹੀਂ ਕਰੇਗਾ ਅਤੇ ਡਰ ਅਤੇ ਬਦਨਾਮੀ ਵਿੱਚ ਯੋਗਦਾਨ ਪਾਉਣ ਦੁਆਰਾ HIV ਦੇ ਫੈਲਣ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਵਿੱਚ ਅੜਚਣ ਪਾ ਸਕਦਾ ਹੈ।

ਔਰਤਾਂ ਵਾਸਤੇ, "ਤਿੰਨ C" ਤੋਂ ਦੂਰ ਜਾਣ ਵੱਲ ਕੀਤਾ ਰੁਖ ਵਿਸ਼ੇਸ਼ ਮੁਸ਼ਕਿਲਾਂ ਖੜ੍ਹੀਆਂ ਕਰ ਸਕਦਾ ਹੈ। ਬਹੁਤ ਸਾਰੀਆਂ ਔਰਤਾਂ ਇਹ ਮਹਿਸੂਸ ਨਹੀਂ ਕਰਦੀਆਂ ਕਿ ਉਹ ਸੱਚਮੁੱਚ ਇੱਕ HIV ਟੈਸਟ ਤੋਂ ਇਨਕਾਰ ਕਰ ਸਕਦੀਆਂ ਹਨ ਜਦ ਉਹਨਾਂ ਦੇ ਸੇਹਤ ਸੰਭਾਲ ਪ੍ਰਦਾਨਕ ਦੁਆਰਾ ਇਸਦੀ ਸਿਫਾਰਸ਼ ਕੀਤੀ ਜਾਂਦੀ ਹੈ, ਚਾਹੇ ਉਹ ਕਿਸੇ ਵਿਭਿੰਨ ਕਿਸਮ ਦੀ ਟੈਸਟਿੰਗ ਤੱਕ ਪਹੁੰਚ ਕਰਨ (ਉਦਾਹਰਨ ਲਈ ਗੁੰਮਨਾਮ) ਨੂੰ ਤਰਜੀਹ ਦਿੰਦੀਆਂ ਹੋਣ ਜਾਂ ਤਦ ਤੱਕ ਟੈਸਟਿੰਗ ਨੂੰ ਅੱਗੇ ਪਾਉਣਾ ਚਾਹੁੰਦੀਆਂ ਹੋਣ ਜਦ ਤੱਕ ਉਹ ਨਤੀਜਿਆਂ ਨਾਲ ਨਿਪਟਣ ਅਤੇ ਨਿੱਜੀ ਖਤਰਿਆਂ ਦਾ ਪ੍ਰਬੰਧਨ ਕਰਨ ਲਈ ਵਧੇਰੇ ਤਿਆਰ ਮਹਿਸੂਸ ਨਾ ਕਰਦੀਆਂ ਹੋਣ। ਔਰਤਾਂ ਅਤੇ ਉਹਨਾਂ ਦੇ ਡਾਕਟਰਾਂ ਵਿਚਕਾਰ ਗੈਰ-ਬਰਾਬਰ ਸ਼ਕਤੀ ਵਾਲੇ ਰਿਸ਼ਤੇ, ਅਤੇ ਨਾਲ ਹੀ ਅਜਿਹਾ ਕਰਨ ਦੀ ਇੱਛਾ ਜੋ ਉਹਨਾਂ ਦੇ ਬੱਚੇ ਵਾਸਤੇ ਸਭ ਤੋਂ ਵਧੀਆ ਹੈ (ਗਰਭਅਵਸਥਾ ਦੇ ਸੰਦਰਭ ਵਿੱਚ), ਬਹੁਤ ਸਾਰੀਆਂ ਔਰਤਾਂ ਦੀ ਇਨਕਾਰ ਕਰਨ ਦੀ ਸਮਰੱਥਾ ਨੂੰ ਪ੍ਰਭਾਵਿਤ ਕਰਦੇ ਹਨ। ਇਸਤੋਂ ਇਲਾਵਾ, ਬਹੁਤ ਸਾਰੀਆਂ ਔਰਤਾਂ ਨੂੰ ਕਿਸੇ HIV ਟੈਸਟ ਵਾਸਤੇ ਸਹਿਮਤੀ ਦੇਣ ਤੋਂ ਪਹਿਲਾਂ ਵਿਚਾਰ ਕਰਨ ਲਈ ਸਮੇਂ ਦੀ ਲੋੜ ਹੁੰਦੀ ਹੈ, ਜੋ ਹੋ ਸਕਦਾ ਹੈ ਕਿਸੇ ਡਾਕਟਰੀ

[4] Canadian HIV/AIDS Legal Network ਦੁਆਰਾ "Shifting HIV testing policies," HIV ਟੈਸਟਿੰਗ, ਜਾਣਕਾਰੀ ਸ਼ੀਟ 2 ਦੇਖੋ। ਜੋ www.aidslaw.ca/testing ਰਾਹੀਂ ਉਪਲਬਧ ਹੈ।

ਮੁਲਾਕਾਤ ਵਾਸਤੇ ਦਿੱਤੇ ਗਏ ਥੋੜ੍ਹੇ ਜਿਹੇ ਸਮੇਂ ਵਿੱਚ ਸੰਭਵ ਨਾ ਹੋਵੇ। ਅਤੇ ਜੇਕਰ ਗਰਭਅਵਸਥਾ ਦੇ ਸੰਦਰਭ ਵਿੱਚ ਸਲਾਹ-ਮਸ਼ਵਰਾ ਬੱਚੇ ਦੀ ਸੇਹਤ 'ਤੇ ਧਿਆਨ ਕੇਂਦਰਤ ਕਰਦਾ ਹੈ, ਨਾ ਕਿ ਔਰਤ ਦੀਆਂ ਆਪਣੀਆਂ ਲੋੜਾਂ ਅਤੇ ਖਤਰਿਆਂ 'ਤੇ, ਤਾਂ ਹੋ ਸਕਦਾ ਹੈ ਔਰਤਾਂ ਟੈਸਟਿੰਗ ਦੇ ਸੰਭਾਵੀ ਨਕਾਰਾਤਮਕ ਸਿੱਟਿਆਂ ਵਾਸਤੇ ਤਿਆਰ ਨਾ ਹੋਣ। ਜਿਵੇਂ ਇੱਕ ਰਿਪੋਰਟ ਵਿੱਚ ਨੋਟ ਕੀਤਾ ਗਿਆ ਸੀ, ਲੋਕ "ਟੈਸਟ ਕੀਤੇ ਜਾਣ ਲਈ ਤਿਆਰ ਹੋ ਸਕਦੇ ਹਨ ਕਿਉਂਕਿ ਉਹ ਸੇਹਤ ਪੇਸ਼ੇਵਰਾਂ ਦੀਆਂ ਬੇਨਤੀਆਂ ਨਾਲ ਸਹਿਮਤ ਹੋਣ ਦੇ ਆਦੀ ਹੁੰਦੇ ਹਨ, ਉਹ ਸੋਚਦੇ ਹਨ ਕਿ ਉਹਨਾਂ ਨੂੰ ਸੁਧਰੀ ਹੋਈ ਸੰਭਾਲ ਮਿਲ਼ੇਗੀ, ਉਹ ਨਹੀਂ ਸੋਚਦੇ ਕਿ ਉਹ ਮਨ੍ਹਾ ਕਰ ਸਕਦੇ ਹਨ, ਜਾਂ ਉਹਨਾਂ ਵਿੱਚ ਇੱਕ ਅਸਪੱਸ਼ਟ ਸਮਝ ਹੁੰਦੀ ਹੈ ਕਿ ਇਨਕਾਰ ਕਰਨ ਦੇ ਨਤੀਜੇ ਮਾੜੇ ਹੋਣਗੇ।"[5]

ਹਾਲਾਂਕਿ ਕੁਝ ਖੋਜ ਇਹ ਦੱਸਦੀ ਹੈ ਕਿ ਔਰਤਾਂ ਦੇ ਇੱਕ ਅਨੁਪਾਤ ਨੂੰ HIV ਟੈਸਟਿੰਗ ਵਧੇਰੇ ਪਹੁੰਚਣਯੋਗ ਲੱਗਦੀ ਹੈ ਜੇਕਰ ਇਸਨੂੰ ਬਕਾਇਦਾ ਤੌਰ 'ਤੇ ਕੀਤਾ ਜਾਵੇ, ਵਧੇਰੇ ਪਹੁੰਚਣਯੋਗ ਟੈਸਟਿੰਗ ਵਰਗੀ ਲੱਗਦੀ ਹੈ ਜੇਕਰ ਇਸਨੂੰ ਬਕਾਇਦਾ ਤੌਰ 'ਤੇ ਕੀਤਾ ਜਾਵੇ, ਪੈਪ ਟੈਸਟਾਂ ਵਰਗੀ ਲੱਗਦੀ ਹੈ,[6] ਇਹ ਜਾਣ ਲੈਣਾ ਮਹੱਤਵਪੂਰਨ ਹੈ ਕਿ ਬਹੁਤ ਸਾਰੀਆਂ ਔਰਤਾਂ ਅਜੇ ਵੀ ਟੈਸਟਿੰਗ ਵਿੱਚ ਜਿਕਰਯੋਗ ਅੜਚਣਾਂ ਦਾ ਸਾਹਮਣਾ ਕਰਦੀਆਂ ਹਨ, ਜਿਸ ਵਿੱਚ ਉਦਾਹਰਨ ਲਈ ਬਹੁਤ ਸਾਰੀਆਂ ਆਦਿਵਾਸੀ ਔਰਤਾਂ, ਨੌਜਵਾਨ ਔਰਤਾਂ, ਪੇਂਡੂ ਭਾਈਚਾਰਿਆਂ ਵਿੱਚ ਰਹਿਣ ਵਾਲੀਆਂ ਔਰਤਾਂ, ਜੇਲ੍ਹ ਵਿਚਲੀਆਂ ਔਰਤਾਂ, ਉਹਨਾਂ ਦੇਸ਼ਾਂ ਤੋਂ ਔਰਤਾਂ ਜਿੱਥੇ HIV ਮਹਾਂਮਾਰੀ ਹੈ, ਅਤੇ ਸ਼ੋਸ਼ਣਕਾਰੀ ਜਾਂ ਆਸ਼ਰਿਤ ਰਿਸ਼ਤਿਆਂ ਵਿਚਲੀਆਂ ਔਰਤਾਂ ਸ਼ਾਮਲ ਹਨ। HIV ਟੈਸਟਿੰਗ ਇੱਕ ਸਮਾਜਕ ਸੰਦਰਭ ਵਿੱਚ ਵਾਪਰਦੀ ਹੈ ਜਿੱਥੇ ਨਾ-ਬਰਾਬਰ ਲਿੰਗ ਅਤੇ ਸ਼ਕਤੀ ਵਾਲੇ ਰਿਸ਼ਤਿਆਂ ਅਤੇ ਉੱਚ ਪੱਧਰ ਦੀ ਬਦਨਾਮੀ ਦਾ ਠੱਪਾ ਲੱਗ ਜਾਂਦਾ ਹੈ। ਟੈਸਟਿੰਗ ਵਿੱਚ ਵਾਧਾ ਕਰਨ ਦਾ ਜਨਤਕ ਸੇਹਤ ਦਾ ਟੀਚਾ, HIV ਸਬੰਧਿਤ ਸ਼ੋਸ਼ਣਾਂ ਪ੍ਰਤੀ ਔਰਤਾਂ ਦੇ ਖਤਰਿਆਂ ਅਤੇ ਵਿੰਨਣਸ਼ੀਲਤਾਵਾਂ ਨੂੰ ਘੱਟ ਕਰਨ ਦੀ ਲੋੜ 'ਤੇ ਹਾਵੀ ਨਹੀਂ ਹੋ ਸਕਦਾ।

ਬਹੁਤ ਸਾਰੀਆਂ ਔਰਤਾਂ ਵਾਸਤੇ HIV ਟੈਸਟਿੰਗ ਬਾਬਤ ਸੁਤੰਤਰ ਅਤੇ ਸੂਚਿਤ ਫੈਸਲੇ ਕਰਨ ਦੇ ਯੋਗ ਹੋਣ ਲਈ ਇੱਕ ਸਹਾਇਤਾਕਾਰੀ ਅਤੇ ਯੋਗ ਬਣਾਉਣ ਵਾਲੇ ਵਾਤਾਵਰਣ ਦੀ ਲੋੜ ਹੁੰਦੀ ਹੈ। HIV ਟੈਸਟਿੰਗ ਦੇ ਨਕਾਰਾਤਮਕ ਸਿੱਟੇ ਅਤੇ ਖੁਲਾਸੇ ਦੇ ਡਰ ਔਰਤਾਂ ਵਾਸਤੇ ਵਧੇਰੇ ਬਾਰੰਬਾਰ ਦਸਤਾਵੇਜ਼ਬੱਧ ਕੀਤੇ ਜਾਂਦੇ ਹਨ ਅਤੇ ਟੈਸਟਿੰਗ ਵਾਸਤੇ ਪਹੁੰਚਾਂ ਨੂੰ ਇਹਨਾਂ ਲਿੰਗ-ਸਬੰਧਿਤ ਕਾਰਕਾਂ ਦਾ ਹੱਲ ਕੱਢਣ ਨੂੰ ਤਰਜੀਹ ਦੇਣੀ ਚਾਹੀਦੀ ਹੈ।[7]ਜੇਕਰ ਲੋਕਾਂ ਨੂੰ ਬਿਨਾਂ ਤਿਆਰ ਕੀਤੇ ਟੈਸਟ ਕੀਤਾ ਜਾਂਦਾ ਹੈ, ਤਾਂ ਹੋ ਸਕਦਾ ਹੈ ਉਹਨਾਂ ਨੂੰ ਨਕਾਰਾਤਮਕ ਸਿੱਟਿਆਂ ਦਾ ਸਾਹਮਣਾ ਕਰਨਾ ਪਵੇ (ਉਦਾਹਰਨ ਲਈ ਮਾੜੇ ਮਨੋਵਿਗਿਆਨਕ ਸਿੱਟੇ, ਜੇ ਹੋਰਨਾਂ ਨੂੰ ਉਹਨਾਂ ਦੀ ਅਵਸਥਾ ਬਾਰੇ

---

[5] C.M. Obermeyer ਅਤੇ M. Osborn, "The Utilization of Testing and Counseling for HIV: A Review of the Social and Behavioral Evidence," *American Journal of Public Health* 97 (2007):1762–1774 at 1769..

[6] ਉਦਾਹਰਨ ਲਈ ਦੇਖੋ, J. Gahagan ਅਤੇ ਹੋਰ "Barriers to gender-equitable HIV testing: going beyond routine screening for pregnant women in Nova Scotia, Canada," *International Journal for Equity in Health* 10 (2011), ਆਨਲਾਈਨ: http://www.ncbi.nlm.nih.gov/pmc/articles/PMC3110558/?tool=pubmed.

[7] 1766 'ਤੇ C.M. Obermeyer ਅਤੇ M. Osborn।

ਪਤਾ ਚਲਦਾ ਹੈ ਤਾਂ ਆਪਣੇ ਆਪ ਨੂੰ ਦੁਰਵਿਵਹਾਰ ਤੋਂ ਬਚਾਉਣ ਦੀ ਅਯੋਗਤਾ), ਜਾਂ ਹੋ ਸਕਦਾ ਹੈ ਉਹਨਾਂ ਦਾ ਸੇਹਤ ਸੰਭਾਲ ਪ੍ਰਣਾਲੀ ਵਿੱਚੋਂ ਵਿਸ਼ਵਾਸ਼ ਉੱਠ ਜਾਵੇ, ਜਿਸ ਨਾਲ HIV ਦੀ ਰੋਕਥਾਮ, ਇਲਾਜ ਅਤੇ ਸੰਭਾਲ ਤੱਕ ਉਹਨਾਂ ਦੀ ਪਹੁੰਚ ਕੱਟੀ ਜਾ ਸਕਦੀ ਹੈ। ਇਸਤੋਂ ਇਲਾਵਾ, ਬਹੁਤ ਸਾਰੀਆਂ ਔਰਤਾਂ ਨੂੰ HIV ਵਾਸਤੇ ਗਰਭਅਵਸਥਾ ਦੌਰਾਨ ਟੈਸਟ ਕੀਤਾ ਜਾਂਦਾ ਹੈ, ਜੋ ਇੱਕ ਅਜਿਹਾ ਸਮਾਂ ਹੁੰਦਾ ਹੈ ਜਦ ਉਹਨਾਂ ਨੂੰ ਵਾਧੂ ਸਹਾਇਤਾ ਦੀ ਲੋੜ ਹੋ ਸਕਦੀ ਹੈ। ਇੱਕ HIV ਟੈਸਟ ਦੀ ਮਹੱਤਤਾ ਇਸ ਵੱਲੋਂ ਪ੍ਰਦਾਨ ਕੀਤੀ ਜਾਣ ਵਾਲੀ ਡਾਕਟਰੀ ਜਾਣਕਾਰੀ ਨਾਲੋਂ ਵਧਕੇ ਹੈ। ਇਸਦਾ ਕਿਸੇ ਵਿਅਕਤੀ ਦੇ ਜੀਵਨ ’ਤੇ ਸ਼ਕਤੀਸ਼ਾਲੀ ਪ੍ਰਭਾਵ ਪੈ ਸਕਦਾ ਹੈ ਅਤੇ ਟੈਸਟ ਦੇ ਨਤੀਜਿਆਂ ਦੇ ਅਜਿਹੇ ਮਾਅਨੇ ਹੁੰਦੇ ਹਨ ਜੋ ਰਿਸ਼ਤਿਆਂ, ਵਫਾਦਾਰੀ, ਵਿਸ਼ਵਾਸ਼ ਅਤੇ ਵਿਸ਼ੇਸ਼ ਭੂਮਿਕਾਵਾਂ ਨਾਲ ਬੰਨ੍ਹੇ ਹੁੰਦੇ ਹਨ ਜਿਵੇਂ ਕਿ ਮਾਂ ਬਣਨਾ।[8]

ਬਦਨਾਮੀ ਅਤੇ ਡਰ ਕੁਝ ਔਰਤਾਂ ਵਾਸਤੇ HIV ਟੈਸਟਿੰਗ ਦੀ ਮੰਗ ਕਰਨ ਵਿੱਚ ਮਹੱਤਵਪੂਰਨ ਅੜਚਣਾਂ ਬਣੇ ਹੋਏ ਹਨ। ਨਸਲਵਾਦ, ਗੈਰ-ਸੁਰੱਖਿਅਤ ਪ੍ਰਵਾਸ ਅਵਸਥਾ, ਆਪਣੇ ਪਰਿਵਾਰਾਂ ਜਾਂ ਭਾਈਚਾਰਿਆਂ ਦੇ ਮੈਂਬਰਾਂ ਦੀਆਂ ਪ੍ਰਤੀਕਿਰਿਆਵਾਂ ਦੇ ਡਰ, ਕੈਨੇਡੀਅਨ ਡਾਕਟਰੀ ਪ੍ਰਣਾਲੀ ਤੋਂ ਜਾਣੂੰ ਨਾ ਹੋਣਾ, ਭਾਸ਼ਾ ਦੀਆਂ ਰੁਕਾਵਟਾਂ, ਇਹ ਡਰ ਕਿ ਉਹਨਾਂ ਕੋਲੋਂ ਆਪਣੇ ਬੱਚਿਆਂ ਦੀ ਹਵਾਲਗੀ ਜਾਂ ਉਹਨਾਂ ਤੱਕ ਪਹੁੰਚ ਖੁੱਸ ਜਾਵੇਗੀ, ਸਰਕਾਰੀ ਸੰਸਥਾਵਾਂ ’ਤੇ ਬੇਵਿਸ਼ਵਾਸ਼ੀ, HIV ਬਾਰੇ ਜਾਣਕਾਰੀ ਦੀ ਕਮੀ, ਅਤੇ ਆਪਣੀਆਂ ਸੇਹਤ ਲੋੜਾਂ ਵੱਲ ਧਿਆਨ ਦੇਣ ਲਈ ਕੰਮ ਅਤੇ ਪਰਿਵਾਰਕ ਜਿੰਮੇਵਾਰੀਆਂ ਤੋਂ ਥੋੜ੍ਹੇ ਸਮੇਂ ਦੀ ਛੁੱਟੀ ਲੈਣ ਦੀ ਅਯੋਗਤਾ ਕਰਕੇ ਆਦਿਵਾਸੀ ਔਰਤਾਂ ਅਤੇ ਉਹਨਾਂ ਦੇਸ਼ਾਂ ਤੋਂ ਔਰਤਾਂ HIV ਟੈਸਟਿੰਗ ਬਾਰੇ ਵਿਸ਼ੇਸ਼ ਤੌਰ ’ਤੇ ਚਿੰਤਤ ਹੋ ਸਕਦੀਆਂ ਹਨ ਜਿੱਥੇ HIV ਮਹਾਂਮਾਰੀ ਹੈ। ਇਹਨਾਂ ਕਈ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਵਾਲੀਆਂ ਕੁਝ ਔਰਤਾਂ ਵਾਸਤੇ, HIV ਟੈਸਟਿੰਗ ਦੀਆਂ ਵਿਕਲਪਕ ਪੱਧਤੀਆਂ, ਜਿਵੇਂ ਕਿ ਗੁੰਮਨਾਮ ਜਾਂ ਜਲਦ ਟੈਸਟਿੰਗ ਤਰਜੀਹਯੋਗ ਹੋ ਸਕਦੇ ਹਨ।[9]

HIV ਟੈਸਟ ਦੇ ਨਤੀਜਿਆਂ ਦੀਆਂ ਮਹੱਤਵਪੂਰਨ ਕਾਨੂੰਨੀ ਉਲਝਣਾਂ ਵੀ ਹੋ ਸਕਦੀਆਂ ਹਨ ਜੋ ਆਸ਼ਰਿਤ ਜਾਂ ਸ਼ੋਸ਼ਣਕਾਰੀ ਰਿਸ਼ਤਿਆਂ ਵਿਚਲੀਆਂ ਔਰਤਾਂ ਵਾਸਤੇ ਜਾਂ ਉਹਨਾਂ ਔਰਤਾਂ ਵਾਸਤੇ ਵਿਸ਼ੇਸ਼ ਚਿੰਤਾ ਹੋ ਸਕਦੀਆਂ ਹਨ ਜਿੰਨ੍ਹਾਂ ਦਾ ਸਰਕਾਰੀ ਸੰਸਥਾਵਾਂ ਵਿੱਚ ਘੱਟ ਵਿਸ਼ਵਾਸ਼ ਹੈ। ਪਾਜੇਟਿਵ HIV ਟੈਸਟ ਨਤੀਜਿਆਂ ਦੀ ਰਿਪੋਰਟ ਜਨਤਕ ਸੇਹਤ ਅਥਾਰਟੀਆਂ ਨੂੰ ਕੀਤੀ ਜਾਂਦੀ ਹੈ। ਜ਼ਿਆਦਾਤਰ ਅਧਿਕਾਰ ਖੇਤਰਾਂ ਵਿੱਚ, ਜਨਤਕ ਸੇਹਤ ਕਾਨੂੰਨ, ਜਨਤਕ ਸੇਹਤ ਅਧਿਕਾਰੀਆਂ ਨੂੰ ਕਿਸੇ ਅਜਿਹੇ ਵਿਅਕਤੀ ਦੇ ਜਿਨਸੀ ਅਤੇ ਦਵਾਈਆਂ ਦੀ ਵਰਤੋਂ ਵਿੱਚ ਭਾਈਵਾਲਾਂ ਬਾਰੇ ਸੂਚਿਤ ਕਰਨ ਦਾ ਅਧਿਕਾਰ ਦਿੰਦੇ ਹਨ ਜੋ HIV ਵਾਸਤੇ ਪਾਜੇਟਿਵ ਟੈਸਟ ਹੋਇਆ ਹੈ (ਜਿਸਨੂੰ “ਭਾਈਵਾਲ ਅਧਿਸੂਚਨਾ” ਜਾਂ “ਸੰਪਰਕ ਦਾ ਪਤਾ ਲਾਉਣਾ” ਵਜੋਂ ਜਾਣਿਆ ਜਾਂਦਾ ਹੈ)। ਜਨਤਕ ਸੇਹਤ ਦੀ

---

[8] ਉਕਤ

[9] ਜਲਦ HIV ਟੈਸਟਿੰਗ ਅਤੇ ਆਮ ਤੌਰ ’ਤੇ ਗੁੰਮਨਾਮ ਟੈਸਟਿੰਗ ਬਾਬਤ, Canadian HIV/AIDS Legal Network ਦੁਆਰਾ “Anonymous HIV testing,” HIV ਟੈਸਟਿੰਗ ਜਾਣਕਾਰੀ ਸ਼ੀਟ 5 ਅਤੇ “Rapid HIV testing,” HIV ਟੈਸਟਿੰਗ, ਜਾਣਕਾਰੀ ਸ਼ੀਟ 9 ਦੇਖੋ। ਜੋ [www.aidslaw.ca/testing](http://www.aidslaw.ca/testing)ਰਾਹੀਂ ਉਪਲਬਧ ਹੈ।

ਰੱਖਿਆ ਕਰਨ ਲਈ ਕੁਝ ਵਿਸ਼ੇਸ਼ ਬਲਯੁਕਤ ਦਖਲਅੰਦਾਜ਼ੀਆਂ ਨੂੰ ਲਾਗੂ ਕੀਤਾ ਜਾ ਸਕਦਾ ਹੈ ਜੇ ਇਹਨਾਂ ਨੂੰ ਜ਼ਰੂਰੀ ਸਮਝਿਆ ਜਾਂਦਾ ਹੈ। HIV ਨਾਲ ਜੀਵਨ ਬਸਰ ਕਰ ਰਹੇ ਲੋਕਾਂ 'ਤੇ, ਜਿਨਸੀ ਭਾਈਵਾਲਾਂ ਕੋਲ ਆਪਣੀ HIV-ਪਾਜ਼ੇਟਿਵ ਅਵਸਥਾ ਦਾ ਖੁਲਾਸਾ ਨਾ ਕਰਨ ਵਾਸਤੇ ਕੈਨੇਡਾ ਵਿੱਚ ਅਪਰਾਧਕ ਮੁਕੱਦਮਾ ਵੀ ਚਲਾਇਆ ਜਾ ਸਕਦਾ ਹੈ। ਅਜਿਹੇ ਗੰਭੀਰ ਸਿੱਟੇ ਔਰਤਾਂ ਕੋਲੋਂ HIV ਟੈਸਟਿੰਗ ਦੀਆਂ ਡਾਕਟਰੀ *ਅਤੇ* ਕਾਨੂੰਨੀ ਉਲਝਣਾਂ ਬਾਰੇ ਪੂਰੀ ਤਰ੍ਹਾਂ ਸੂਚਿਤ ਹੋਣਾ ਲੋੜਦੇ ਹਨ।

## ਤੱਥ ਅਤੇ ਅੰਕੜੇ:

- ਕੈਨੇਡਾ ਦੇ ਜਨਤਕ ਸੇਹਤ ਅਦਾਰੇ (Public Health Agency of Canada) ਕੋਲੋਂ ਉਪਲਬਧ ਸਭ ਤੋਂ ਹਾਲੀਆ ਡੈਟੇ ਅਨੁਸਾਰ,**ਕੈਨੇਡਾ ਵਿੱਚ 11 403 ਔਰਤਾਂ ਅਤੇ 224 ਕੁੜੀਆਂ (15 ਸਾਲ ਤੋਂ ਘੱਟ ਉਮਰ ਦੀਆਂ) HIV ਵਾਸਤੇ ਪਾਜ਼ੇਟਿਵ ਟੈਸਟ ਹੋਈਆਂ ਹਨ।**[10]ਕੈਨੇਡਾ ਵਿੱਚ ਕੀਤੇ ਗਏ ਪਾਜ਼ੇਟਿਵ HIV ਟੈਸਟਾਂ ਵਿੱਚ ਔਰਤਾਂ ਇੱਕ ਦਿਨੋਂ ਦਿਨ ਵਧਦੇ ਅਨੁਪਾਤ ਨੂੰ ਦਰਸਾਉਂਦੀਆਂ ਹਨ, 2008 ਵਿੱਚ ਉਹਨਾਂ ਦਾ ਪ੍ਰਤੀਸ਼ਤ 26.2 ਸੀ।[11]

- ਇਹ ਅੰਦਾਜ਼ਾ ਲਾਇਆ ਜਾਂਦਾ ਹੈ ਕਿ **HIV ਨਾਲ ਜੀਵਨ ਬਸਰ ਕਰ ਰਹੇ 26 ਪ੍ਰਤੀਸ਼ਤ ਕੈਨੇਡੀਅਨਾਂ ਨੂੰ ਆਪਣੀ ਲਾਗ ਬਾਰੇ ਪਤਾ ਨਹੀਂ ਹੈ** ਕਿਉਂਕਿ ਉਹਨਾਂ ਨੂੰ ਟੈਸਟ ਨਹੀਂ ਕੀਤਾ ਗਿਆ।[12]

- ਕੈਨੇਡਾ ਵਿੱਚ **HIV ਟੈਸਟਿੰਗ ਦੀਆਂ ਤਿੰਨ ਵਿਭਿੰਨ ਵਿਧੀਆਂ** ਉਪਲਬਧ ਹਨ: *ਨਾਮਯੁਕਤ ਟੈਸਟਿੰਗ*, ਜਿੱਥੇ ਕਿਸੇ ਵਿਅਕਤੀ ਦਾ ਨਾਮ ਟੈਸਟ ਦੇ ਨਤੀਜੇ ਨਾਲ ਜੁੜਿਆ ਹੁੰਦਾ ਹੈ ਅਤੇ ਜਨਤਕ ਸੇਹਤ ਅਥਾਰਟੀਆਂ ਨੂੰ ਇਸਦੀ ਰਿਪੋਰਟ ਕੀਤੀ ਜਾਂਦੀ ਹੈ; *ਗੈਰ-ਨਾਮਯੁਕਤ ਟੈਸਟਿੰਗ*, ਜਿੱਥੇ ਵਿਅਕਤੀ ਦੇ ਨਾਮ ਦੀ ਬਜਾਏ ਇੱਕ ਵਿਲੱਖਣ ਕੋਡ ਨੂੰ ਨਮੂਨੇ ਨਾਲ ਜੋੜਿਆ ਜਾਂਦਾ ਹੈ; ਅਤੇ *ਗੁੰਮਨਾਮ ਟੈਸਟਿੰਗ*, ਜਿੱਥੇ ਟੈਸਟ ਦੇ ਨਤੀਜਿਆਂ ਨੂੰ ਰਿਕਾਰਡ ਕੀਤਾ ਜਾਂਦਾ ਹੈ ਅਤੇ ਟੈਸਟ ਕੀਤੇ ਗਏ ਵਿਅਕਤੀ ਦਾ ਨਾਮ ਦੱਸੇ ਬਗੈਰ ਇਹਨਾਂ ਦੀ ਰਿਪੋਰਟ ਕੀਤੀ ਜਾਂਦੀ ਹੈ। ਪਰ ਗੈਰ-ਨਾਮਯੁਕਤ ਅਤੇ ਗੁੰਮਨਾਮ ਟੈਸਟਿੰਗ ਵਿਆਪਕ ਤੌਰ 'ਤੇ ਉਪਲਬਧ ਨਹੀਂ ਹਨ।

---

[10] 1985 ਅਤੇ 2009 ਵਿਚਕਾਰ। ਕੈਨੇਡਾ ਦਾ ਜਨਤਕ ਸੇਹਤ ਅਦਾਰਾ। *ਕੈਨੇਡਾ ਵਿੱਚ HIV ਅਤੇ AIDS. 31 ਦਸੰਬਰ, 2009 ਲਈ ਨਿਗਰਾਨੀ ਰਿਪੋਰਟ*। ਨਿਗਰਾਨੀ ਅਤੇ ਖਤਰੇ ਦੇ ਮੁਲਾਂਕਣ ਦੀ ਡਿਵੀਜ਼ਨ, ਛੂਤਕਾਰੀ ਬਿਮਾਰੀਆਂ ਅਤੇ ਲਾਗ ਕੰਟਰੋਲ ਲਈ ਕੇਂਦਰ, ਕੈਨੇਡਾ ਦਾ ਜਨਤਕ ਸੇਹਤ ਅਦਾਰਾ, 2010, ਸਾਰਣੀ 4C, ਪੰਨਾ 22 'ਤੇ।

[11] ਕੈਨੇਡਾ ਦਾ ਜਨਤਕ ਸੇਹਤ ਅਦਾਰਾ,*HIV/AIDS ਐਪੀ ਅੱਪਡੇਟ*, ਜੁਲਾਈ 2010, ਅਧਿਆਏ 5.

[12] ਕੈਨੇਡਾ ਦੇ ਜਨਤਕ ਸੇਹਤ ਅਦਾਰੇ ਵੱਲੋਂ, *ਕੈਨੇਡਾ ਵਿੱਚ HIV ਪ੍ਰਚਲਨ ਅਤੇ ਵਰਤਾਰੇ ਦੇ ਸੰਖੇਪ ਅੰਦਾਜ਼ੇ, 2008*. ਨਿਗਰਾਨੀ ਅਤੇ ਖਤਰੇ ਦੇ ਮੁਲਾਂਕਣ ਦੀ ਡਿਵੀਜ਼ਨ, ਛੂਤਕਾਰੀ ਬਿਮਾਰੀਆਂ ਅਤੇ ਲਾਗ ਕੰਟਰੋਲ ਲਈ ਕੇਂਦਰ, ਕੈਨੇਡਾ ਦਾ ਜਨਤਕ ਸੇਹਤ ਅਦਾਰਾ, 2009.

- ਮਿਆਰੀ HIV ਟੈਸਟਿੰਗ ਵਿੱਚ, ਪ੍ਰਯੋਗਸ਼ਾਲਾ ਵਿੱਚ ਇੱਕ ਖ਼ੂਨ ਦਾ ਨਮੂਨਾ ਭੇਜਣਾ ਸ਼ਾਮਲ ਹੈ ਤਾਂ ਜੋ ਇਸਨੂੰ HIV ਐਂਟੀਬਾਡੀਜ਼ ਵਾਸਤੇ ਟੈਸਟ ਕੀਤਾ ਜਾ ਸਕੇ। ਨਤੀਜੇ ਇੱਕ ਤੋਂ ਦੋ ਹਫਤਿਆਂ ਬਾਅਦ ਉਪਲਬਧ ਹੁੰਦੇ ਹਨ। **ਉਂਗਲੀ ਵਿੰਨਕੇ ਲਈ ਗਈ ਖ਼ੂਨ ਦੀ ਇੱਕ ਬੂੰਦ ’ਤੇ ਇੱਕ ਜਲਦ HIV ਟੈਸਟ ਕੀਤਾ ਜਾ ਸਕਦਾ ਹੈ। ਟੈਸਟਿੰਗ ਨੂੰ ਟੈਸਟਿੰਗ ਸਾਈਟ ’ਤੇ ਕੀਤਾ ਜਾਂਦਾ ਹੈ ਅਤੇ ਨਤੀਜਾ ਪੰਜ ਤੋਂ ਦਸ ਮਿੰਟਾਂ ਵਿੱਚ ਉਪਲਬਧ ਹੋ ਜਾਂਦਾ ਹੈ।** ਜੇ ਇੱਕ ਜਲਦ ਟੈਸਟ ਦਾ ਪਾਜ਼ੇਟਿਵ ਨਤੀਜਾ ਨਿਕਲਦਾ ਹੈ, ਤਾਂ ਇੱਕ ਦੂਜਾ ਪੁਸ਼ਟੀਕਾਰਕ ਟੈਸਟ ਲਾਜ਼ਮੀ ਤੌਰ ’ਤੇ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਨਤੀਜਿਆਂ ਦੀ ਸਟੀਕਤਾ ਨੂੰ ਯਕੀਨੀ ਬਣਾਇਆ ਜਾ ਸਕੇ।

- HIV ਟੈਸਟ ਖ਼ੂਨ ਵਿੱਚ HIV ਐਂਟੀਬਾਡੀਜ਼ ਦਾ ਪਤਾ ਲਗਾਉਂਦੇ ਹਨ, ਨਾ ਕਿ ਵਾਇਰਸ ਦਾ। ਕਿਸੇ ਵਿਅਕਤੀ ਦੇ ਸਰੀਰ ਵਾਸਤੇ HIV ਪ੍ਰਤੀ ਐਂਟੀਬਾਡੀਜ਼ ਦਾ ਨਿਰਮਾਣ ਕਰਨ ਨੂੰ ਸਮਾਂ ਲਗਦਾ ਹੈ, ਇਸ ਕਰਕੇ ਜਿਸ ਸਮੇਂ ਕੋਈ ਵਿਅਕਤੀ ਲਾਗ-ਗ੍ਰਸਤ ਹੁੰਦਾ ਹੈ ਅਤੇ ਜਿਸ ਸਮੇਂ ਟੈਸਟ ਲਾਗ ਨੂੰ ਦਿਖਾਵੇਗਾ, ਇਹਨਾਂ ਦੋਨਾਂ ਸਮਿਆਂ ਵਿਚਕਾਰ **ਤਿੰਨ ਮਹੀਨੇ ਤੱਕ ਦੀ ਇੱਕ “ਸਮਾਂ ਮਿਆਦ” ਹੁੰਦੀ ਹੈ।** “ਸਮਾਂ ਮਿਆਦ” ਦੌਰਾਨ, ਕੋਈ ਵਿਅਕਤੀ HIV ਐਂਟੀਬਾਡੀਜ਼ ਵਾਸਤੇ ਨੈਗੇਟਿਵ ਟੈਸਟ ਹੋ ਸਕਦਾ ਹੈ ਚਾਹੇ ਉਹ ਲਾਗ ਗ੍ਰਸਤ ਹੋ ਗਿਆ ਹੁੰਦਾ ਜਾਂ ਹੁੰਦੀ ਹੈ।

- ਕੈਨੇਡਾ ਵਿੱਚ ਸਥਾਈ ਵਸਨੀਕਤਾ ਵਾਸਤੇ ਅਰਜ਼ੀ ਦੇਣ ਵਾਲੇ ਸਾਰੇ ਵਿਦੇਸ਼ੀ ਨਾਗਰਿਕਾਂ ਵਾਸਤੇ, ਅਤੇ ਅਸਥਾਈ ਵਸਨੀਕਤਾ ਵਾਸਤੇ ਕੁਝ ਵਿਸ਼ੇਸ਼ ਬਿਨੈਕਾਰਾਂ ਵਾਸਤੇ,**ਇੱਕ ਪ੍ਰਵਾਸ ਸਬੰਧਿਤ ਡਾਕਟਰੀ ਜਾਂਚ ਕਰਵਾਉਣ ਦੀ ਲੋੜ ਹੁੰਦੀ ਹੈ।** ਜਾਂਚ ਵਿੱਚ ਇਸ ਬਾਰੇ ਇੱਕ ਸਵਾਲ ਸ਼ਾਮਲ ਹੁੰਦਾ ਹੈ ਕਿ ਕੀ ਵਿਅਕਤੀ ਵਿਸ਼ੇਸ਼ ਕਦੇ ਵੀ HIV ਵਾਸਤੇ ਪਾਜ਼ੇਟਿਵ ਟੈਸਟ ਹੋਇਆ ਹੈ। ਇਸ ਵਿੱਚ **15 ਸਾਲ ਤੋਂ ਵੱਧ ਉਮਰ ਦੇ ਸਾਰੇ ਵਿਅਕਤੀਆਂ ਵਾਸਤੇ ਇੱਕ HIV ਐਂਟੀਬਾਡੀ ਟੈਸਟ ਸ਼ਾਮਲ ਹੁੰਦਾ ਹੈ।**

- ਘੱਟੋ ਘੱਟ **ਪੰਜ ਕੈਨੇਡੀਅਨ ਸੂਬਿਆਂ ਦਾ ਅਜਿਹਾ ਵਿਧਾਨ ਹੈ** ਜੋ ਕੁਝ ਵਿਸ਼ੇਸ਼ ਲੋਕਾਂ ਨੂੰ, ਜੋ ਆਪਣੇ ਰੁਜ਼ਗਾਰ ਦੇ ਚਲਨ ਦੌਰਾਨ ਜਾਂ ਹੋਰ ਵਰਣਨ ਕੀਤੇ ਹਾਲਾਤਾਂ ਵਿੱਚ ਕਿਸੇ ਦੂਸਰੇ ਵਿਅਕਤੀ ਦੇ ਸਰੀਰ ਤੋਂ ਨਿਕਲੇ ਤਰਲਾਂ ਦੇ ਸੰਪਰਕ ਵਿੱਚ ਆ ਸਕਦੇ ਹਨ (ਉਦਾਹਰਨ ਲਈ ਪੈਰਾਮੈਡਿਕਸ, ਪੁਲਿਸ, ਅੱਗ ਬੁਝਾਉਣ ਵਾਲੇ), **ਇੱਕ ਅਜਿਹੇ ਕਾਨੂੰਨੀ ਆਦੇਸ਼ ਲਈ ਅਰਜ਼ੀ ਦੇਣ ਦੇ ਯੋਗ ਬਣਾਉਂਦਾ ਹੈ ਜੋ ਸਰੋਤ ਵਿਅਕਤੀ ਨੂੰ HIV ਟੈਸਟਿੰਗ** ਅਤੇ ਹੋਰ ਛੂਤਕਾਰੀ ਬਿਮਾਰੀਆਂ ਵਾਸਤੇ ਟੈਸਟ ਕਰਵਾਉਣ ਲਈ ਮਜ਼ਬੂਰ ਕਰਨ ਦਾ ਅਖਤਿਆਰ ਦਿੰਦਾ ਹੈ।

**HIV ਟੈਸਟਿੰਗ ਦੀਆਂ ਤਿੰਨ C:ਜਿੰਨ੍ਹਾਂ ਦੀ ਜੜ ਮਨੁੱਖੀ ਅਧਿਕਾਰਾਂ ਦੇ ਸਿਧਾਂਤਾਂ ਵਿੱਚ ਹੈ**

- HIV ਟੈਸਟਿੰਗ ਕੇਵਲ ਵਿਸ਼ੇਸ਼ **ਸੂਚਿਤ ਸਹਿਮਤੀ** ਨਾਲ ਵਾਪਰਨੀ ਚਾਹੀਦੀ ਹੈ ਜੋ ਸਵੈ-ਇੱਛਾ ਨਾਲ ਦਿੱਤੀ ਗਈ ਹੋਵੇ। ਇਹ ਲੋੜ *ਵਿਅਕਤੀ ਦੀ ਸੁਰੱਖਿਆ ਦੇ ਅਧਿਕਾਰ*[13] ਤੋਂ ਉਪਜਦੀ ਹੈ— ਯਾਨੀ ਕਿ, ਉਸ ਚੀਜ਼ ਨੂੰ ਕੰਟਰੋਲ ਕਰਨ ਦੇ ਯੋਗ ਹੋਣਾ ਜੋ ਕਿਸੇ ਦੇ ਸਰੀਰ ਨਾਲ ਵਾਪਰਦੀ ਹੈ —ਨਾਲ ਹੀ *ਸੂਚਨਾ ਦੇ ਅਧਿਕਾਰ*[14]ਤੋਂ ਉਪਜਦੀ ਹੈ, ਜੋ ਸੇਹਤ ਦੇ ਅਧਿਕਾਰ ਦਾ ਇੱਕ ਅਖੰਡ ਭਾਗ ਹੈ।
- **ਵਧੀਆ ਗੁਣਵਤਾ ਦਾ** ਟੈਸਟ ਤੋਂ ਪਹਿਲਾਂ ਅਤੇ ਬਾਅਦ ਸਲਾਹ-ਮਸ਼ਵਰਾ *ਸੂਚਨਾ ਦੇ ਅਧਿਕਾਰ*ਨੂੰ ਜਨਮ ਦਿੰਦਾ ਹੈ ਅਤੇ ਇਹ ਟੈਸਟ ਕੀਤੇ ਜਾ ਰਹੇ ਵਿਅਕਤੀਆਂ ਦੀ ਮਾਨਸਿਕ ਸੇਹਤ ਨੂੰ ਉਤਸ਼ਾਹਤ ਕਰਨ ਵਾਸਤੇ ਅਤੇ HIV ਦੇ ਹੋਰ ਫੈਲਾਓ ਨੂੰ ਰੋਕਣ ਵਿੱਚ ਮਦਦ ਕਰਨ ਦੁਆਰਾ ਵਧੇਰੇ ਵਿਸ਼ਾਲ ਤਰੀਕੇ ਨਾਲ ਜਨਤਕ ਸੇਹਤ ਦੀ ਰੱਖਿਆ ਕਰਨ ਵਾਸਤੇ, ਦੋਨਾਂ ਲਈ ਹੀ ਬਹੁਤ ਜ਼ਰੂਰੀ ਹੈ। ਵਧੀਆ ਗੁਣਵਤਾ ਦਾ ਸਲਾਹ-ਮਸ਼ਵਰਾ ਉਹਨਾਂ ਲੋਕਾਂ ਵਾਸਤੇ ਵਿਸ਼ੇਸ਼ ਮਹੱਤਤਾ ਰੱਖਦਾ ਹੈ ਜੋ ਕਿਸੇ ਹੋਰ ਤਰ੍ਹਾਂ HIV ਬਾਰੇ ਉਚਿਤ ਜਾਣਕਾਰੀ ਹਾਸਲ ਕਰਨ ਦੇ ਯੋਗ ਨਹੀਂ ਹੋ ਸਕਦੇ।
- **ਡਾਕਟਰੀ ਟੈਸਟਾਂ ਦੇ ਨਤੀਜਿਆਂ ਅਤੇ ਏਥੋਂ ਤੱਕ ਕਿ ਟੈਸਟ ਦੀ ਮੰਗ ਕਰਨ ਜਾਂ ਟੈਸਟ ਕਰਵਾਉਣ ਦੇ ਤੱਥ ਦੀ ਗੁਪਤਤਾ**, *ਪਰਦੇਦਾਰੀ ਦੇ ਅਧਿਕਾਰ*[15] ਤੋਂ ਉਪਜਦੀ ਹੈ ਅਤੇ ਇਹ ਨੈਤਿਕ ਡਾਕਟਰੀ ਅਭਿਆਸ ਦਾ ਇੱਕ ਕੇਂਦਰੀ ਅੰਸ਼ ਹੈ।

## ਨੀਤੀ ਅਤੇ ਕਾਨੂੰਨ ਵਿੱਚ ਸੁਧਾਰ ਵਾਸਤੇ ਸਿਫਾਰਸ਼ਾਂ

- **HIV ਟੈਸਟਿੰਗ ਦੀਆਂ ਸਾਰੀਆਂ ਨੀਤੀਆਂ ਵਿੱਚ HIV ਟੈਸਟਿੰਗ ਦੀਆਂ ਤਿੰਨ C ਕੈਦ ਕਰੋ— ਸੂਚਿਤ ਸਹਿਮਤੀ, ਟੈਸਟ ਤੋਂ ਪਹਿਲਾਂ ਅਤੇ ਬਾਅਦ ਸਲਾਹ-ਮਸ਼ਵਰਾ, ਅਤੇ ਗੁਪਤਤਾ।** ਹਾਲਾਂਕਿ ਕਿ ਇਲਾਜ ਦੀ ਉਪਲਬਧਤਾ ਨੇ ਇਸ ਚੀਜ਼ ਨੂੰ ਡਰਾਮਈ ਤਰੀਕੇ ਨਾਲ ਬਦਲ ਦਿੱਤਾ ਹੈ ਕਿ HIV-ਪਾਜੇਟਿਵ ਦੀ ਤਸ਼ਖੀਸ ਪ੍ਰਾਪਤ ਕਰਨ ਦਾ ਮਤਲਬ ਕੀ ਹੈ, ਫੇਰ ਵੀ HIV ਇੱਕ ਗੰਭੀਰ ਡਾਕਟਰੀ ਬਿਮਾਰੀ ਬਣੀ ਹੋਈ ਹੈ ਜੋ ਬੇਹੱਦ ਬਦਨਾਮ ਹੈ ਅਤੇ ਇਸਦੀਆਂ ਗੰਭੀਰ ਕਾਨੂੰਨੀ ਉਲਝਣਾਂ ਹੋ ਸਕਦੀਆਂ ਹਨ। ਹਾਲਾਂਕਿ ਕੁਝ ਪ੍ਰਸਥਿਤੀਆਂ ਵਿੱਚ HIV ਟੈਸਟਿੰਗ ਨੂੰ ਵਧੇਰੇ ਸਰਗਰਮੀ ਨਾਲ ਉਤਸ਼ਾਹਤ ਕਰਨ ਦੇ ਸੇਹਤ ਸੰਭਾਲ ਪ੍ਰਦਾਨਕਾਂ ਨੂੰ ਲਾਭ ਹੋ ਸਕਦੇ ਹਨ, ਪਰ ਹਰੇਕ ਮਰੀਜ਼ ਦੇ ਮਨੁੱਖੀ ਅਧਿਕਾਰਾਂ ਦੀ

---

[13] *ਸਿਵਲ ਅਤੇ ਰਾਜਨੀਤਕ ਅਧਿਕਾਰਾਂ ਬਾਰੇ ਅੰਤਰਰਾਸ਼ਟਰੀ ਪ੍ਰਤਿੱਗਿਆ*, 9999 U.N.T.S.171, ਆਰਟੀਕਲ 9 [ICCPR]; *ਅਧਿਕਾਰਾਂ ਅਤੇ ਸੁਤੰਤਰਤਾਵਾਂ ਦਾ ਕੈਨੇਡੀਅਨ ਫ਼ੁਰਮਾਨ*, *ਸੰਵਿਧਾਨ ਕਾਨੂੰਨ*ਦਾ ਭਾਗ I, 1982, *ਕੈਨੇਡਾ ਐਕਟ 1982*ਦਾ ਸ਼ਡਿਊਲ ਬੀ ਹੋਣ ਨਾਤੇ (U.K.), 1982, c.11, at s.7.

[14] ICCPR, ਆਰਟੀਕਲ 19.

[15] ICCPR, ਆਰਟੀਕਲ 17; *ਅਧਿਕਾਰਾਂ ਅਤੇ ਸੁਤੰਤਰਤਾਵਾਂ ਦਾ ਕੈਨੇਡੀਅਨ ਫ਼ੁਰਮਾਨ*, ss. 7 ਅਤੇ 8.

ਲਾਜ਼ਮੀ ਤੌਰ 'ਤੇ ਰੱਖਿਆ ਕੀਤੀ ਜਾਣੀ ਚਾਹੀਦੀ ਹੈ ਅਤੇ HIV ਟੈਸਟ "ਰੁਟੀਨ" ਨਹੀਂ ਹੋਣੇ ਚਾਹੀਦੇ ਹਨ।"

- **ਸਾਰੇ ਦੇਸ਼ ਵਿੱਚ ਗੁੰਮਨਾਮ ਅਤੇ ਜਲਦ HIV ਟੈਸਟਾਂ ਨੂੰ ਉਪਲਬਧ ਬਣਾਓ।** ਵਰਤਮਾਨ ਸਮੇਂ, ਇਸ ਕਿਸਮ ਦੇ ਟੈਸਟ ਕੁਝ ਸਥਾਨਾਂ ਵਿੱਚ ਉਪਲਬਧ ਹਨ ਪਰ ਹੋਰਨਾਂ ਥਾਵਾਂ ਵਿੱਚ ਨਹੀਂ। ਵੱਖੋ-ਵੱਖ ਔਰਤਾਂ ਦੀਆਂ ਟੈਸਟਿੰਗ ਲੋੜਾਂ ਦੀ ਪੂਰਤੀ ਕਰਨ ਲਈ, ਸੂਬੇ ਜਾਂ ਖਿੱਤੇ ਦੀ ਪਰਵਾਹ ਕੀਤੇ ਬਗੈਰ, ਅਤੇ ਸ਼ਹਿਰੀ ਅਤੇ ਪੇਂਡੂ ਦੋਨਾਂ ਖੇਤਰਾਂ ਵਿੱਚ ਦੋਨੋਂ ਕਿਸਮਾਂ ਉਪਲਬਧ ਹੋਣੀਆਂ ਚਾਹੀਦੀਆਂ ਹਨ।

- **ਗਰਭਅਵਸਥਾ ਅਤੇ ਗਰਭਅਵਸਥਾ ਤੋਂ ਅੱਗੇ-ਪਿੱਛੇ, ਦੋਨਾਂ ਸੰਦਰਭਾਂ ਵਿੱਚ** HIV ਟੈਸਟਿੰਗ ਦੇ ਔਰਤਾਂ ਦੇ ਤਜ਼ਰਬੇ ਬਾਰੇ ਅਤੇ ਇਸ ਬਾਰੇ ਖੋਜ ਦਾ ਸੰਚਾਲਨ ਕਰੋ ਕਿ ਔਰਤਾਂ ਵਾਸਤੇ ਟੈਸਟਿੰਗ ਦੀਆਂ ਕਿਹੜੀਆਂ ਪਹੁੰਚਾਂ ਸਭ ਤੋਂ ਵਧੀਆ ਕੰਮ ਕਰਦੀਆਂ ਹਨ। ਅੱਲ੍ਹੜ ਕੁੜੀਆਂ ਅਤੇ ਨੌਜਵਾਨ ਔਰਤਾਂ, ਜੇਲ੍ਹ ਵਿਚਲੀਆਂ ਔਰਤਾਂ, ਜਿਨਸੀ ਹਮਲੇ ਤੋਂ ਬਚ ਨਿਕਲਣ ਵਾਲੀਆਂ ਔਰਤਾਂ, ਸ਼ੋਸ਼ਣਕਾਰੀ ਰਿਸ਼ਤਿਆਂ ਵਿਚਲੀਆਂ ਔਰਤਾਂ, ਉਹਨਾਂ ਦੇਸ਼ਾਂ ਤੋਂ ਔਰਤਾਂ ਜਿੱਥੇ HIV ਇੱਕ ਮਹਾਂਮਾਰੀ ਹੈ, ਸਮਲਿੰਗੀ ਔਰਤਾਂ ਅਤੇ ਲਿੰਗ-ਬਦਲੀ ਕਰਵਾਕੇ ਔਰਤਾਂ ਬਣੀਆਂ ਔਰਤਾਂ, ਆਦਿਵਾਸੀ ਔਰਤਾਂ, ਅਤੇ ਛੋਟੇ ਭਾਈਚਾਰਿਆਂ ਵਿੱਚ ਰਹਿ ਰਹੀਆਂ ਔਰਤਾਂ ਦੀਆਂ ਲੋੜਾਂ ਅਤੇ ਤਜ਼ਰਬਿਆਂ 'ਤੇ ਵਿਸ਼ੇਸ਼ ਗੌਰ ਕਰਨੀ ਚਾਹੀਦੀ ਹੈ। HIV ਟੈਸਟਿੰਗ ਨੀਤੀ ਅਤੇ ਅਭਿਆਸ ਨੂੰ ਸੂਚਿਤ ਕਰਨ ਲਈ ਅਜਿਹੀ ਖੋਜ ਅਤੀ ਜ਼ਰੂਰੀ ਹੈ ਜੋ ਔਰਤਾਂ ਦੀ ਸੰਪੂਰਨ ਵਿਭਿੰਨਤਾ ਵਾਸਤੇ ਆਦਰ-ਭਰਪੂਰ ਹੋਵੇ ਅਤੇ ਅਸਰਦਾਰ ਹੋਵੇ।

- **ਇਹ ਯਕੀਨੀ ਬਣਾਓ ਕਿ ਗਰਭਅਵਸਥਾ ਦੌਰਾਨ HIV ਟੈਸਟ ਪ੍ਰਾਪਤ ਕਰਨ ਵਾਲੀਆਂ ਔਰਤਾਂ ਵਾਸਤੇ ਸਲਾਹ-ਮਸ਼ਵਰਾ, ਖੁਦ ਔਰਤ 'ਤੇ ਧਿਆਨ ਕੇਂਦਰਤ ਕਰਦਾ ਹੈ, ਨਾ ਕਿ ਕੇਵਲ ਬੱਚੇ ਵਾਸਤੇ ਇੱਕ "ਭਾਂਡੇ" ਵਜੋਂ।** ਵਿਕਲਪਕ ਟੈਸਟਿੰਗ ਵਿਧੀਆਂ ਦੀ ਉਪਲਬਧਤਾ, ਇੱਕ ਪਾਜੇਟਿਵ ਟੈਸਟ ਨਤੀਜਾ ਹਾਸਲ ਕਰਨ ਦੇ ਲਾਭ ਅਤੇ ਖਤਰਿਆਂ, ਅਤੇ ਟੈਸਟ ਨੂੰ ਸਵੀਕਾਰ ਕਰਨ ਜਾਂ ਇਨਕਾਰ ਕਰਨ ਦੇ ਅਧਿਕਾਰ ਨੂੰ ਸਪੱਸ਼ਟ ਰੂਪ ਵਿੱਚ ਲਾਜ਼ਮੀ ਤੌਰ 'ਤੇ ਦੱਸਣਾ ਚਾਹੀਦਾ ਹੈ। ਪ੍ਰਸੂਤੀ ਪੀੜਾਂ ਵਿਚਲੀ ਕਿਸੇ ਔਰਤ ਦੇ ਸੰਦਰਭ ਵਿੱਚ ਇਹ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹੈ ਜਿਸਨੂੰ ਜਲਦ HIV ਟੈਸਟਿੰਗ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਅਤੇ ਬੱਚੇ ਦੇ ਜਨਮ ਤੋਂ ਪਹਿਲਾਂ ਦੀ ਸੰਭਾਲ ਦੇ ਭਾਗ ਵਜੋਂ ਜਿਸਦੀ HIV ਵਾਸਤੇ ਜਾਂਚ ਨਹੀਂ ਸੀ ਕੀਤੀ ਗਈ।

- **ਇੱਕ ਸੂਚਿਤ ਫੈਸਲਾ ਕਰਨ ਲਈ ਵਿਅਕਤੀ ਵਿਸ਼ੇਸ਼ ਵਾਸਤੇ ਢੁਕਵੇਂ, ਟੈਸਟ ਤੋਂ ਪਹਿਲਾਂ ਦੇ ਸਲਾਹ-ਮਸ਼ਵਰੇ ਦੇ ਬਾਅਦ,**ਪ੍ਰਯੋਗਸ਼ਾਲਾ ਬੇਨਤੀ ਫਾਰਮਾਂ ਉੱਤੇ ਨੋਟ ਕਰੋ ਕਿ ਕਿਸੇ HIV ਟੈਸਟ ਵਾਸਤੇ ਸੂਚਿਤ ਸਹਿਮਤੀ ਦੀ ਲੋੜ ਹੈ।

- **ਇਹ ਯਕੀਨੀ ਬਣਾਓ ਕਿ HIV ਟੈਸਟਿੰਗ ਵਿੱਚ ਵਾਧਾ ਕਰਨ ਲਈ ਸਾਰੀਆਂ ਕੋਸ਼ਿਸ਼ਾਂ ਨੂੰ, ਰੋਕਥਾਮ, ਇਲਾਜ, ਸੰਭਾਲ ਅਤੇ ਸਹਾਇਤਾ ਤੱਕ ਵਿਆਪਕ ਪਹੁੰਚ ਹਾਸਲ ਕਰਨ ਦੀਆਂ ਕੋਸ਼ਿਸ਼ਾਂ ਨਾਲ ਜੋੜਿਆ ਜਾਂਦਾ ਹੈ ਅਤੇ ਇੱਕਸੁਰ ਕੀਤਾ ਜਾਂਦਾ ਹੈ।** ਸੇਵਾਵਾਂ ਵਾਸਤੇ ਸਿਫਾਰਸ਼ਾਂ ਨੂੰ ਸਾਰੀ HIV ਟੈਸਟਿੰਗ ਦੇ ਨਾਲ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ (ਉਦਾਹਰਨ ਲਈ ਵਿਸ਼ੇਸ਼ੱਗ ਸੇਹਤ ਸੰਭਾਲ, ਸਲਾਹ ਮਸ਼ਵਰਾ ਅਤੇ ਸਹਾਇਤਾ ਸੇਵਾਵਾਂ ਆਦਿ), ਜਿਸ ਵਿੱਚ ਲਾਜ਼ਮੀ ਅਤੇ ਜ਼ਬਰਦਸਤੀ ਟੈਸਟਿੰਗ ਵੀ ਸ਼ਾਮਲ ਹਨ। ਇਹ ਯਕੀਨੀ ਬਣਾਉਣ ਲਈ ਕਾਫੀ ਸਰੋਤਾਂ ਨੂੰ ਸਥਾਪਤ ਕੀਤਾ ਜਾਣਾ ਚਾਹੀਦਾ ਹੈ ਕਿ ਸੇਵਾਵਾਂ ਉਪਲਬਧ ਹੋਣ।

**ਇਸ ਜਾਣਕਾਰੀ ਸ਼ੀਟ ਵਿੱਚ ਆਮ ਜਾਣਕਾਰੀ ਹੈ। ਇਹ ਕਾਨੂੰਨੀ ਸਲਾਹ ਨਹੀਂ ਹੈ।**

ਇਹ ਦਸਤਾਵੇਜ਼ ਕੈਨੇਡਾ ਵਿੱਚ HIV ਨਾਲ ਜੀਵਨ ਬਸਰ ਕਰ ਰਹੀਆਂ ਜਾਂ ਇਸਤੋਂ ਪ੍ਰਭਾਵਿਤ ਔਰਤਾਂ ਦੇ ਮਨੁੱਖੀ ਅਧਿਕਾਰਾਂ ਬਾਬਤ ਚਾਰ ਜਾਣਕਾਰੀ ਸ਼ੀਟਾਂ (ਅੰਗਰੇਜ਼ੀ ਅਤੇ ਫਰੈਂਚ ਵਿੱਚ) ਦੀ ਇੱਕ ਲੜੀ ਵਿੱਚ ਇੱਕ ਸ਼ੀਟ ਵਜੋਂ ਹੋਂਦ ਵਿੱਚ ਆਇਆ।

ਇਸ ਦਸਤਾਵੇਜ਼ ਦੀਆਂ ਕਾਪੀਆਂ Canadian HIV/AIDS Legal Network ਦੀ ਵੈੱਬਸਾਈਟ www.aidslaw.ca ’ਤੇ ਉਪਲਬਧ ਹਨ। ਮੁੜ-ਪ੍ਰਕਾਸ਼ਨਾ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਪਰ ਕਾਪੀਆਂ ਨੂੰ ਵੇਚਿਆ ਨਹੀਂ ਜਾ ਸਕਦਾ, ਅਤੇ ਜਾਣਕਾਰੀ ਦੇ ਸਰੋਤ ਵਜੋਂ HIV/AIDS Legal Network ਦਾ ਜਿਕਰ ਕਰਨਾ ਲਾਜ਼ਮੀ ਹੈ। ਅਗਲੇਰੀ ਜਾਣਕਾਰੀ ਵਾਸਤੇ, ਲੀਗਲ ਨੈੱਟਵਰਕ ਨੂੰ info@aidslaw.ca ’ਤੇ ਸੰਪਰਕ ਕਰੋ।

**ਇਸ ਦਸਤਾਵੇਜ਼ ਦੇ ਸ਼ੁਰੂਆਤੀ ਅੰਗਰੇਜ਼ੀ ਅਤੇ ਫਰੈਂਚ ਸੰਸਕਰਣਾਂ ਨੂੰ ਪ੍ਰਕਾਸ਼ਿਤ ਕਰਨ ਵਾਸਤੇ ਫ਼ੰਡ ਸਹਾਇਤਾ ਕੈਨੇਡਾ ਦੇ ਜਨਤਕ ਸੇਹਤ ਅਦਾਰੇ ਦੁਆਰਾ ਪ੍ਰਦਾਨ ਕੀਤੀ ਗਈ ਸੀ। ਇਸ ਅਨੁਵਾਦ ਵਾਸਤੇ ਫ਼ੰਡ ਸਹਾਇਤਾ ਓਨਟਾਰੀਓ ਮਿਨਿਸਟਰੀ ਆਫ ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਦੁਆਰਾ ਪ੍ਰਦਾਨ ਕੀਤੀ ਗਈ ਸੀ। ਪ੍ਰਗਟਾਏ ਗਏ ਨਜ਼ਰੀਏ ਲੇਖਕਾਂ/ਖੋਜਕਾਰਾਂ ਦੇ ਹਨ ਅਤੇ ਜ਼ਰੂਰੀ ਨਹੀਂ ਕਿ ਇਹ ਫ਼ੰਡ ਦੇਣ ਵਾਲਿਆਂ ਦੇ ਦ੍ਰਿਸ਼ਟੀਕੋਣਾਂ ਜਾਂ ਨੀਤੀਆਂ ਦੀ ਝਲਕ ਦਿੰਦੇ ਹੋਣ।**

© Canadian HIV/AIDS Legal Network, 2013